# 9
# ਪ੍ਰੇਰਣਾ

ਸੰਵਾਦ ਦੀ ਇਕ ਕਲਾ ਜਿਸ ਦੀ ਕਲੀਸੀਆ ਦੇ ਆਗੂਆਂ ਨੂੰ ਸਭ ਤੋਂ ਵੱਧ ਲੋੜ ਹੈ, ਸ਼ਾਇਦ ਦੂਜਿਆਂ ਨੂੰ ਦਲੇਰ ਕਰਨ ਦੀ ਯੋਗਤਾ ਹੈ। ਐਲਡਰ ਐਤਵਾਰ ਦੀ ਸਵੇਰ ਐਧਰ ਓਧਰ ਵੇਖਦੇ ਹਨ। ਹਾਲ ਅੱਧਾ ਹੀ ਭਰਿਆ ਹੈ, ਭਾਵੇਂ ਉਨ੍ਹਾਂ ਨੂੰ ਪਤਾ ਹੈ ਕਿ ਮੰਡਲੀ ਦੇ ਲੋਕ ਅਤੇ ਉਨ੍ਹਾਂ ਦੇ ਪਰਿਵਾਰ ਆ ਜਾਂਦੇ ਤਾਂ ਪੂਰਾ ਹਾਲ ਭਰ ਸਕਦਾ ਸੀ। ਉਨ੍ਹਾਂ ਨੂੰ ਯਕੀਨ ਹੈ ਕਿ ਚੰਦਾ ਜਿੰਨਾ ਹੋਣਾ ਚਾਹੀਦਾ ਸੀ ਉਸ ਦਾ ਸਿਰਫ਼ ਚੌਥਾ ਹਿੱਸਾ ਹੀ ਹੈ; ਮੈਂਬਰਾ ਦਾ ਰਹਿਣ ਸਹਿਣ ਤਾਂ ਰਾਜ ਕੁਮਾਰਾਂ ਵਰਗਾ ਹੈ ਪਰ ਚੰਦਾ ਮੰਗਤਿਆਂ ਵਰਗਾ। ਕੁਝ ਲੋਕ ਬਾਹਰਲੇ ਹਨ, ਫਿਰ ਵੀ ਆਗੂਆਂ ਦਾ ਮੰਨਣਾ ਹੈ ਕਿ ਇਲਾਕੇ ਦੇ ਦੂਜੇ ਲੋਕ ਵਚਨ ਨੂੰ ਮੰਨਦੇ ਹਨ ਅਤੇ ਜੇ ਮਸੀਹੀ ਲੋਕ ਉਨ੍ਹਾਂ ਨੂੰ ਸੱਦਦੇ ਤਾਂ ਉਹ ਵੀ ਆ ਸਕਦੇ ਹਨ। ਇਸ ਦੇ ਇਲਾਵਾ ਇਸ ਐਤਵਾਰ ਸਵੇਰੇ ਆਉਣ ਵਾਲਿਆਂ ਨੂੰ ਵੇਖਣ ਤੋਂ ਲਗਦਾ ਹੈ ਜਿਵੇਂ ਉਨ੍ਹਾਂ ਨੂੰ ਇੱਥੇ ਆਉਣਾ ਚੰਗਾ ਨਹੀਂ ਲਗਦਾ। ਜਾਂ ਤਾਂ ਉਨ੍ਹਾਂ ਦੇ ਚਿਹਰੇ ਤੇ ਖੁਸ਼ੀ ਨਹੀਂ ਹੈ ਜਾਂ ਉਨ੍ਹਾਂ ਦੀਆਂ ਅੱਖਾਂ ਨੀਂਦ ਨਾਲ ਭਰੀਆਂ ਹੋਈਆਂ ਹਨ, ਜਾਂ ਦੋਵੇਂ ਹੀ; ਉਹ ਕੁਝ ਵਾਕਫ਼ ਲੋਕਾਂ ਨੂੰ ਹੀ ''ਸਲਾਮ'' ਆਖਦੇ ਹਨ ਅਤੇ ਹੋਰ ਕਿਸੇ ਨਾਲ ਗੱਲ ਨਹੀਂ ਕਰਦੇ। ਉਹ ਗਾਉਂਦੇ ਵੀ ਹਨ ਤਾਂ ਜਿਵੇਂ ਕੰਨਾਂ ਵਿਚ ਫੁਸ-ਫੁਸ ਕਰ ਰਹੇ ਹੋਣ; ਵਚਨ ਸੁਣਨ ਵੇਲੇ ਉਹ ਸਿਰ ਜ਼ਰੂਰ ਹਿਲਾਉਂਦੇ ਹਨ। ਆਖਰ ਵਿਚ ''ਆਮੀਨ'' ਕਹਿਣ ਵੇਲੇ ਇਵੇਂ ਬਾਹਰ ਜਾਂਦੇ ਹਨ ਜਿਵੇਂ ਸੌ ਮੀਟਰ ਦੌੜ ਵਿਚ ਹਿੱਸਾ ਲੈਣ ਆਏ ਹੋਣ। ਐਲਡਰਾਂ ਨੂੰ ਇਹ ਵੀ ਪਤਾ ਹੈ ਕਿ ਉਨ੍ਹਾਂ ਵਿਚ ਦੋ ਤਿਹਾਈ ਲੋਕ ਐਤਵਾਰ ਸ਼ਾਮ ਦੀ ਬੰਦਗੀ ਵਿਚ ਆਉਣਗੇ। ਸਭ ਤੋਂ ਮਾੜੀ ਗੱਲ ਇਹ ਹੈ ਕਿ ਐਲਡਰਾਂ ਨੂੰ ਪਤਾ ਹੈ ਕਿ ਉਨ੍ਹਾਂ ਵਿਚ ਜ਼ਿਆਦਾਤਰ ਲੋਕਾ ਦਾ ਜੀਵਨ ਮਸੀਹੀ ਨਹੀਂ ਹੈ; ਸੋਮਵਾਰ ਤੋਂ ਸਨਿੱਚਰਵਾਰ ਤਕ ਉਨ੍ਹਾਂ ਦੀ ਜ਼ਿੰਦਗੀ ਹੋਰਨਾਂ ਨਾਲੋਂ ਫ਼ਰਕ ਨਹੀਂ ਹੁੰਦੀ ਹੈ।

ਐਲਡਰਾਂ ਨੂੰ ਕੀ ਕਰਨਾ ਚਾਹੀਦਾ ਹੈ? ਕਿ ਆਗੂਆਂ ਨੂੰ ਚੀਕਣ, ਨੀਂਦ ਗੁਆਉਣ, ਦੁਖੀ ਹੋਣ ਅਤੇ ਅਖੀਰ ਵਿਚ ਅਸਤੀਫ਼ਾ ਦੇਣ ਲਈ ਐਨਾ ਬਹੁਤ ਹੈ।

ਕਈ ਵਾਰ ਕਲੀਸੀਆ ਦੇ ਆਗੂ ਅਜਿਹੀ ਘਟਨਾ ਦੀ ਮੁਸ਼ਕਿਲ *ਦੀ ਗੱਲ ਕਰਕੇ* ਇਸ ਦਾ ਜਵਾਬ ਦਿੰਦੇ ਹਨ। ਮੈਂਬਰਾਂ ਵਿਚ ਸਮਰਪਣ ਦੀ ਘਾਟ ਬਾਰੇ ਹਰ ਹਫ਼ਤੇ ਬਹੁਤ ਘੱਟ ਸ਼ਿਕਾਇਤ ਕਰਨ ਵਿਚ ਐਲਡਰਾਂ ਦਾ ਵਕਤ ਲਗ ਸਕਦਾ ਹੈ। ਹੋ ਸਕਦਾ ਹੈ ਕਿ ਉਹ ਦੁਖੀ ਹੋ ਕੇ ਹਿੰਮਤ ਹਾਰ ਜਾਣ ਅਤੇ ਮੈਂਬਰਾਂ ਨੂੰ ਬੇਵਿਸ਼ਵਾਸੇ ਹੋਣ ਨਾਲ ਦੁੱਖੀ ਹੋਣ ਕਰਕੇ ਅਗਲੀ ਯੋਜਨਾ ਨਾ ਬਣਾ ਸਕਣ।

ਕਈ ਵਾਰ ਕਲੀਸੀਆ ਦੇ ਆਗੂ ਮੁਸ਼ਕਿਲ *ਨਾਲ ਗੱਲ ਕਰਕੇ* ਜਵਾਬ ਦਿੰਦੇ ਹਨ। ਐਲਡਰ, ਪ੍ਰਚਾਰਕ ਜਾਂ ਹੋਰ ਲੋਕ ਪੁਲਪਿਟ ਤੋਂ ਬਾਰ-ਬਾਰ ਮੈਂਬਰਾਂ ਨੂੰ ਪੂਰੇ ਦਿਲ ਨਾਲ ਸੇਵਾ ਨਾ ਕਰ ਪਾਉਣ ਕਰਕੇ ਉਨ੍ਹਾਂ ਨੂੰ ਡਾਂਟਦੇ ਫਿਟਕਾਰਦੇ ਰਹਿੰਦੇ ਹਨ, ਭਾਵੇਂ ਕੁਝ ਮੈਂਬਰ ਜਾਂ ਜਿਆਦਾਤਰ ਮੈਂਬਰ ਸਮਰਪਿਤ ਮਸੀਹੀ ਹੀ ਕਿਉਂ ਨਾ ਹੋਣ। ਲਗਦਾ ਨਹੀਂ ਕਿ ਇਸ ਨਾਲ

ਕਿਸੇ ਦਾ ਵਿਸ਼ਵਾਸ ਵਧ ਸਕਦਾ ਹੈ।

ਕੀ ਇਸ ਤੋਂ ਕੋਈ ਬੇਹਤਰ ਢੰਗ ਹੈ? ਜਦ ਕਲੀਸੀਆ ਦੇ ਲੋਕ ਨਾ ਤਾਂ ਠੰਡੇ ਹੋਣ ਅਤੇ ਨਾ ਗਰਮ, ਤਾਂ ਐਲਡਰਾਂ ਨੂੰ ਕੀ ਕਰਨਾ ਚਾਹੀਦਾ ਹੈ? ਇਸ ਦਾ ਬੇਹਤਰ ਢੰਗ ਹੈ। ਕਲੀਸੀਆ ਦੇ ਆਗੂਆਂ ਨੂੰ ਮੁਸ਼ਕਿਲ ਤੇ ਵਿਰਲਾਪ ਕਰਦੇ ਰਹਿਣ ਦੀ ਬਜਾਇ ਮੈਂਬਰਾਂ ਨੂੰ ਹੋਰ ਜ਼ਿਆਦਾ ਵਿਸ਼ਵਾਸੀ ਬਣਨ ਵਿਚ ਉਤਸ਼ਾਹਿਤ ਕਰਨ ਦੇ ਢੰਗ ਲੱਭਣੇ ਚਾਹੀਦੇ ਹਨ। ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕਰਨ ਦੀ ਕਲਾ ਸਿੱਖਣ ਦੀ ਲੋੜ ਹੈ।

## ਪ੍ਰੇਰਣਾ ਦੀ ਲੋੜ

ਕਲੀਸੀਆ ਦੇ ਆਗੂਆਂ ਨੂੰ ਮੈਂਬਰਾਂ ਨੂੰ ਪ੍ਰੇਰਣਾ ਦੇਣ ਦੀ ਚਿੰਤਾ ਕਿਉਂ ਕਰਨੀ ਚਾਹੀਦੀ ਹੈ? ਜੇ ਐਲਡਰ ਖ਼ੁਦਾ ਦੀ ਵਿਰਾਸਤ ਤੇ ''ਮਾਲਕ'' ਨਹੀਂ ਬਣਨਾ ਚਾਹੁੰਦੇ, ਤਾਂ ਸ਼ਾਇਦ ਕਿਸੇ ਵੀ ਕੰਮ ਨੂੰ ਮੈਂਬਰਾਂ ਤੋਂ ਕਰਵਾਉਣ ਦਾ ਇੱਕੋ ਤਰੀਕਾ ਇਹੀ ਹੈ ਕਿ ਉਨ੍ਹਾਂ ਨੂੰ ਪ੍ਰੇਰਣਾ ਦਿੱਤੀ ਜਾਵੇ।

ਪ੍ਰੇਰਣਾ ਦੀ ਐਨੀ ਲੋੜ ਕਿਉਂ ਹੈ? ਮਸੀਹੀ ਲੋਕਾਂ ਨੂੰ ਖ਼ੁਦਾ ਦੀ ਇੱਛਾ ਪੂਰੀ ਕਰਨ ਅਤੇ ਉਸ ਤੇ ਵਿਸ਼ਵਾਸ ਕਰਨ ਵਿਚ ਦਿਲਚਸਪੀ ਹੋਣੀ ਚਾਹੀਦੀ ਹੈ। ਜੇ ਆਗੂ ਇਸ ਗੱਲ ਵੱਲ ਧਿਆਨ ਦਿੰਦੇ ਹਨ ਕਿ ਬਾਈਬਲ ਕੀ ਸਿਖਾਉਂਦੀ ਹੈ, ਤਾਂ ਕੀ ਇਹ ਕਾਫ਼ੀ ਨਹੀਂ ਹੋਵੇਗਾ ਕਿ ਮਸੀਹੀ ਲੋਕ ਉਹੀ ਕਰਨ ਜੋ ਉਨ੍ਹਾਂ ਨੂੰ ਪਤਾ ਲਗ ਗਿਆ ਹੈ ਕਿ ਸਹੀ ਹੈ?

ਸ਼ਾਇਦ ਐਨਾ ਹੀ ਕਾਫ਼ੀ ਹੋਣਾ ਚਾਹੀਦਾ ਹੈ, ਪਰ ਹਮੇਸ਼ਾ ਇਵੇਂ ਹੁੰਦਾ ਨਹੀਂ ਹੈ। ਸਿਰਫ਼ ਮਸੀਹੀ ਬਣਨ ਦਾ ਕੰਮ ਹੀ ਕਿਸੇ ਨੂੰ ਸਫ਼ਲ ਜਾਂ ਅਜਿਹੇ ਲੋਕ ਨਹੀਂ ਬਣਾ ਦਿੰਦਾ ਹੈ ਜੋ ਹਰ ਤਰ੍ਹਾਂ ਦੀ ਮੁਸ਼ਕਿਲ ਵਿਚ ਕਾਇਮ ਰਹਿ ਸਕਣ। ਮਜ਼ਬੂਤ ਚੇਲਿਆਂ ਨੂੰ ਵੀ ਸਖ਼ਤ ਮੁਸ਼ਕਿਲਾਂ ਦਾ ਸਾਹਮਣਾ ਕਰਨ ਲਈ ਸੰਘਰਸ਼ ਕਰਨਾ ਪਿਆ (ਰੋਮੀਆਂ 7; 1 ਕੁਰਿੰਥੀਆਂ 9:27)। ਬਹੁਤ ਸਾਰੇ ਮਸੀਹੀ ਲੋਕ ਹਨ ਜੋ ਜਾਣਦੇ ਹਨ ਕਿ ਉਨ੍ਹਾਂ ਨੂੰ ਕੀ ਕਰਨਾ *ਚਾਹੀਦਾ* ਹੈ, ਪਰ ਉਹ ਕਰਦੇ ਨਹੀਂ ਹਨ। ਪ੍ਰੇਰਣਾ ਦੇਣਾ ਜ਼ਰੂਰੀ ਹੈ। ਜਿਸ ਨੂੰ ਖੁਰਾਕ ਦੀ ਲੋੜ ਹੈ ਉਸ ਨੂੰ ਖੁਰਾਕ ਉੱਤੇ ਰਹਿਣ ਦੀ ਪ੍ਰੇਰਣਾ ਦੇਣੀ ਚਾਹੀਦੀ ਹੈ, ਅਤੇ ਜੋ ਮਸੀਹੀ ਨਾ ਗਰਮ ਹੈ ਨਾ ਠੰਡਾ ਉਸ ਨੂੰ ਸਮਰਪਿਤ ਹੋਣ ਲਈ ਪ੍ਰੇਰਣਾ ਦਿੱਤੀ ਜਾਣੀ ਚਾਹੀਦੀ ਹੈ।

## ਪ੍ਰੇਰਣਾ ਦਾ ਅਰਥ

ਕੀ ਦੂਜਿਆਂ ਨੂੰ ਪ੍ਰੇਰਣਾ ਦਿੱਤੀ ਜਾ ਸਕਦੀ ਹੈ? ''ਟਹਿਲੂਏ ਬਣ ਕੇ ਅਗਵਾਈ'' ਕਰਨ ਤੇ ਬੋਲਦਿਆਂ ਇਕ ਭਾਈ ਨੇ ਕਿਹਾ ਕਿ ਕਿਸੇ ਦੂਜੇ ਨੂੰ ਪ੍ਰੇਰਣਾ ਦੇਣਾ ਸੰਭਵ ਨਹੀਂ ਹੈ, ਭਾਵ ਉਹ ਪ੍ਰੇਰਣਾ ਅੰਦਰੋਂ ਹੀ ਮਿਲਦੀ ਹੈ।

ਇਸ ਭਾਈ ਦੀ ਗੱਲ ਵਿਚ ਦਮ ਸੀ। ਬਹੁਤ ਸਾਰੇ ਲੋਕ ਉਲਟੇ ਹਾਲਾਤ ਦੇ ਬਾਵਜੂਦ ਵੱਡੇ-ਵੱਡੇ ਕੰਮ ਕਰ ਲੈਂਦੇ ਹਨ, ਜਦ ਕਿ ਅਜਿਹੇ ਲੋਕ ਵੀ ਹਨ ਜੋ ਹਰ ਤਰ੍ਹਾਂ ਦੀ ਮਦਦ ਹੋਣ ਦੇ ਬਾਜਵੂਦ ਨਾਕਾਮ ਰਹਿੰਦੇ ਹਨ। ਤਾਂ ਵੀ ਇਹ ਕਹਿਣ ਦਾ ਕਿ ਅਸੀਂ ਦੂਜਿਆਂ ਨੂੰ ਪ੍ਰੇਰਣਾ ਨਹੀਂ ਦੇ ਸਕਦੇ, ਮਤਲਬ ਹੋਵੇਗਾ ਕਿ ਪ੍ਰੇਰਣਾ ਦੀ ਪਰਿਭਾਸ਼ਾ ਐਨੀ ਹੀ ਹੈ। ਪ੍ਰੇਰਣਾ ਤੇ ਲਿਖੀਆਂ ਸਭ ਕਿਤਾਬਾਂ ਅਤੇ ਇਸ ਵਿਸ਼ੇ ਤੇ ਕੀਤੀ ਹਰ ਗੱਲ ਸਲਾਹ ਦਿੰਦੀ ਹੈ ਕਿ ਦੂਜਿਆਂ ਨੂੰ ਪ੍ਰੇਰਣਾ ਦੇਣ, ਜਾਂ ਉਨ੍ਹਾਂ ਦੇ ਅੰਦਰ ਅਜਿਹੀ ਭਾਵਨਾ ਪੈਦਾ ਕਰਨ ਵਿਚ ਮਦਦ ਕਰਨ ਲਈ

ਪ੍ਰੇਰਣਾ ਦੇਣ ਵਿਚ ਯੋਗਦਾਨ ਦਿੱਤਾ ਜਾ ਸਕਦਾ ਹੈ ਜਿਸ ਨਾਲ ਉਹ ਕੁਝ ਹਾਸਿਲ ਕਰ ਸਕਣ। ਉਹ ਉਸ ਮਕਸਦ ਨੂੰ ਹਾਸਿਲ ਕਰ ਪਾਉਂਦੇ ਹਨ ਜਾਂ ਨਹੀਂ, ਇਹ ਉਨ੍ਹਾਂ ਤੇ ਹੈ।

ਦੂਜਿਆਂ ਨੂੰ ਪ੍ਰੇਰਣਾ ਦੇਣ ਵਿਚ ਅਸੀਂ ਕੀ ਯੋਗਦਾਨ ਦੇ ਸਕਦੇ ਹਾਂ? ਇਸ ਭਾਈ ਨੇ ਇਹ ਵੀ ਕਿਹਾ ਕਿ ਆਗੂ ਦੂਜਿਆਂ ਨੂੰ ਪ੍ਰੇਰਣਾ ਤਾਂ ਨਹੀਂ ਦੇ ਸਕਦੇ, ਪਰ ਉਹ ਅਜਿਹਾ ਮਾਹੌਲ ਜ਼ਰੂਰ ਦੇ ਸਕਦੇ ਹਨ ਜਿਸ ਵਿਚ ਰਹਿ ਕੇ ਦੂਜਿਆਂ ਲਈ ਆਪਣੇ ਆਪ ਨੂੰ ਪ੍ਰੇਰਣਾ ਦੇਣ ਅਤੇ ਅੱਗੇ ਵਧਾਉਣ ਵਿਚ ਮਦਦ ਮਿਲਦੀ ਹੋਵੇ। ਇਸ ਅਧਿਆਇ ਵਿਚ ਸਾਡੀ ਦਿਲਚਸਪੀ ਇਸ ਗੱਲ ਵਿਚ ਹੈ ਕਿ ਕਲੀਸੀਆ ਦੇ ਆਗੂ ਅਜਿਹੇ ਹਾਲਾਤ ਪੈਦਾ ਕਰਨ ਲਈ ਜਿਨ੍ਹਾਂ ਵਿਚ ਮੈਂਬਰ ਉਹ ਕੰਮ ਕਰਨਾ ਚਾਹੁੰਦੇ ਹਨ ਜੋ ਉਨ੍ਹਾਂ ਨੂੰ ਕਰਨਾ ਚਾਹੀਦਾ ਹੈ, ਕੀ ਕਰ ਸਕਦੇ ਹਨ?

## ਪ੍ਰੇਰਣਾ ਦੇਣ ਦੇ ਢੰਗ

ਆਗੂ ਕਲੀਸੀਆ ਨੂੰ ਕਿਵੇਂ ਪ੍ਰੇਰਣਾ ਦੇ ਸਕਦੇ ਹਨ। ਸੇਵਕਾਂ ਵੱਲੋਂ ਅਗਵਾਈ ਦੀ ਵਰਤੋਂ ਕਰਨ ਲਈ ਲਿਖਦਿਆਂ, ਜੇਮਸ ਮੀਨਜ਼ ਨੇ ‘‘ਪ੍ਰੇਰਣਾ ਦੇਣ ਲਈ ਬੇਕਾਰ ਢੰਗਾਂ’’[1] ਦਾ ਜ਼ਿਕਰ ਕੀਤਾ ਅਤੇ ਫਿਰ ‘‘ਪ੍ਰੇਰਣਾ ਦੇਣ ਲਈ ਕੰਮ ਦੇ ਢੰਗਾਂ’’ ਦੀ ਗੱਲ ਕੀਤੀ:[2] (1) ਉਤਸ਼ਾਹ ਦੇ ਕੇ ਪ੍ਰੇਰਣਾ ਦੇਣਾ (2) ਗੁਣਾਂ ਤੇ ਅਧਾਰਤ ਸੇਵਕਾਈ ਤੋਂ ਪ੍ਰੇਰਣਾ ਦੇਣਾ (ਜਿਸ ਵਿਚ ਵਚਨ ਦੀ ਸੇਵਕਾਈ ਲਈ ਆਗੂਆਂ ਵੱਲੋਂ ਦੁਆ ਅਤੇ ਤਿਆਰੀ ਵਿਚ ਸਮਾਂ ਦੇਣਾ ਸ਼ਾਮਿਲ ਹੈ), ਅਤੇ (3) ਜ਼ਿੰਮੇਵਾਰੀ ਦੇਣ ਦੀ ਪ੍ਰੇਰਣਾ ਦੇਣਾ। ਮੀਨਜ਼ ਨੇ ਕਿਹਾ:

> ਲੋਕਾਂ ਨੂੰ ਅਜਿਹੇ ਫ਼ੈਸਲੇ ਵਿਚ ਸ਼ਾਮਿਲ ਕਰਨਾ ਜੋ ਉਨ੍ਹਾਂ ਨੂੰ ਪ੍ਰਭਾਵਿਤ ਕਰਦਾ ਹੈ, ਨੈਤਿਕ ਤੌਰ ਤੇ ਸਹੀ ਹੈ। ... ਲੋਕਾਂ ਨੂੰ ਪ੍ਰਕ੍ਰਿਆ ਚੋਂ ਬਾਹਰ ਕੱਢ ਕੇ ਸਹੀ ਤਰੀਕੇ ਨਾਲ ਪ੍ਰੇਰਿਤ ਨਹੀਂ ਕੀਤਾ ਜਾ ਸਕਦਾ। ਚੰਗੇ ਆਗੂ ਜਾਣਦੇ ਹਨ ਕਿ ਜਮਾਤ ਨਾਲ ਜੁੜੇ ਵਿਚਾਰ ਵਿਚ ਜਿੰਨੇ ਲੋਕ ਮਿਲਣ ਅਤੇ ਆਪਣੇ ਗੁਣਾਂ ਅਤੇ ਤਾਕਤ ਨੂੰ ਲਾਉਣ ਟੀਚਾ ਪੂਰਾ ਕਰਨ ਦੀ ਪ੍ਰੇਰਣਾ ਅਤੇ ਓਨੀ ਹੀ ਵੱਧ ਮਿਲੇਗੀ ...।[3]

ਉਸ ਦੀਆਂ ਟਿੱਪਣੀਆਂ ਤੋਂ ਮਦਦ ਮਿਲਦੀ ਹੈ। ਇਸ ਦੇ ਇਲਾਵਾ ਅਸੀਂ ਛੇ ਖਾਸ ਕਦਮਾਂ ਦੀ ਸਲਾਹ ਦਿਆਂਗੇ ਜੋ ਕਲੀਸੀਆ ਦੇ ਮੈਂਬਰਾਂ ਨੂੰ ਪ੍ਰੇਰਿਤ ਕਰਨ ਲਈ ਆਗੂਆਂ ਨੂੰ ਮੰਨਣੇ ਚਾਹੀਦੇ ਹਨ।

### ਹਾਲਾਤ ਦਾ ਵਿਸ਼ਲੇਸ਼ਣ ਕਰਨਾ

ਕਲੀਸੀਆ ਦੇ ਆਗੂਆਂ ਨੂੰ ਖਾਸ ਮੈਂਬਰਾਂ ਦੇ ਬਾਰੇ ਵਿਚ ਸੋਚਣਾ ਸ਼ੁਰੂ ਕਰਨਾ ਚਾਹੀਦਾ ਹੈ। ਦਿੱਕਤ ਇਹ ਨਹੀਂ ਹੈ ਕਿ ਪਿਛਲੇ ਸਾਲ ਛੇ ਮੈਂਬਰ ਈਮਾਨ ਤੋਂ ਡਿੱਗ ਗਏ ਜਾਂ ਬੇਦੀਨ ਹੋ ਗਏ, ਬਲਕਿ ਇਹ ਹੈ ਕਿ ਪਿਛਲੇ ਸਾਲ ਜੌਰਜ, ਮਾਰਟਿਨ, ਜੌਨੀ, ਮਰੀਅਮ, ਸੈਲੀ, ਅਤੇ ਜੇਨ ਡਿੱਗ ਗਏ ਸਨ! ਸਵਾਲ ਇਹ ਨਹੀਂ ਹੈ ਕਿ ‘‘ਮਹੀਨੇ ਵਿਚ ਇੱਕੋ ਵਾਰ ਐਨੇ ਲੋਕ ਕਿਉਂ ਆਉਂਦੇ ਹਨ?’’ ਬਲਕਿ ਇਹ ਹੈ ਕਿ ‘‘ਹੈਰੀ ਮਹੀਨੇ ਵਿਚ ਇੱਕੋ ਵਾਰ ਕਿਉਂ ਆਉਂਦਾ ਹੈ?’’ ਜਦ ਤਕ ਕਲੀਸੀਆ ਦੇ ਆਗੂ ਆਪਣੇ ਆਪ ਤੋਂ ਅਜਿਹੇ ਸਵਾਲ ਨਹੀਂ ਪੁੱਛਦੇ ਤਦ ਤਕ ਉਹ ਅਸਲ ਵਿਚ ਇੱਜੜ ਦੇ ‘‘ਅਯਾਲੀਆਂ’’ ਜਾਂ ‘‘ਪਾਸਬਾਨਾਂ/ਪਾਸਟਰਾਂ’’ ਦਾ ਕੰਮ

ਨਹੀਂ ਕਰ ਰਹੇ, ਅਤੇ ਉਹ ਬੇਵਿਸ਼ਵਾਸੇਪਨ ਦੀ ਮੁਸ਼ਕਿਲ ਨੂੰ ਹੱਲ ਕਰਨ ਦੀ ਉਮੀਦ ਘੱਟ ਕਰਨਗੇ।

ਬੁਲਾਰਾ ਸੁਣਨ ਵਾਲਿਆਂ ਨੂੰ ਤਦ ਤਕ ਨਹੀਂ ਸਮਝਾ ਸਕਦਾ ਜਦ ਤਕ ਉਹਨੂੰ ਇਹ ਪਤਾ ਨਾ ਹੋਵੇ ਕਿ ਉਨ੍ਹਾਂ ਦੀ ਸੋਚ ਕੀ ਹੈ? ਉਨ੍ਹਾਂ ਦੇ ਹਾਲਾਤ ਕੀ ਹਨ? ਉਨ੍ਹਾਂ ਨੂੰ ਕਿਸ ਤੋਂ ਪ੍ਰੇਰਣਾ ਮਿਲਦੀ ਹੈ? ਇਸੇ ਤਰ੍ਹਾਂ ਕਲੀਸੀਆ ਦੇ ਆਗੂਆਂ ਨੂੰ ਮੈਂਬਰਾਂ ਨੂੰ ਸਹੀ ਕੰਮ ਕਰਨ ਦੀ ਪ੍ਰੇਰਣਾ ਦੇਣ ਦੀ ਆਸ ਰੱਖਣ ਤੋਂ ਪਹਿਲਾਂ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਸਮਝ ਹੋਵੇ ਕਿ ਉਹ ਮੈਂਬਰ ਕਿੱਥੇ ਹੈ, ਉੱਥੇ ਕਿਉਂ ਹੈ, ਅਤੇ ਉਨ੍ਹਾਂ ਦੀ ਦਿਲਚਸਪੀ ਇਸ ਵਿਚ ਹੈ। ਉਨ੍ਹਾਂ ਵਿਚ ਸੁਧਾਰ ਕਰਨ ਲਈ ਇਹ ਪਹਿਲਾ ਕਦਮ ਹੈ।

**ਸਹੀ ਨਮੂਨਾ ਪੇਸ਼ ਕਰਨਾ**

ਚੰਗੀ ਮਿਸਾਲ ਪੇਸ਼ ਕਰ ਕੇ ਆਗੂ ਪੈਰੋਕਾਰਾਂ ਨੂੰ ਉਤਸ਼ਾਹਿਤ ਕਰ ਸਕਦੇ ਹਨ। ਸਮਝਾਉਣਾ ਕੁਝ ਹੱਦ ਤਕ ਬੁਲਾਰੇ ਦੀ ਨੈਤਿਕ ਖਿੱਚ ਤੇ ਨਿਰਭਰ ਕਰਦਾ ਹੈ। 1 ਪਤਰਸ 5:3 ਮੁਤਾਬਿਕ, ਐਲਡਰ ''ਇੱਜੜ ਲਈ ਨਮੂਨਾ ਬਣਨ।'' ਇਸ ਤੋਂ ਇਹ ਸੁਝਾਅ ਮਿਲਦਾ ਹੈ ਕਿ ਆਗੂ ਜਿਵੇਂ ਇੱਜੜ ਨੂੰ ਬਨਾਉਣਾ ਚਾਹੁੰਦੇ ਹਨ ਅਤੇ ਜੋ ਕੁਝ ਚਾਹੁੰਦੇ ਹਨ ਕਿ ਉਹ ਕਰਨ, ਉਹ ਬਣਨ ਅਤੇ ਕਰਨ ਲਈ ਉਨ੍ਹਾਂ ਨੂੰ ਆਪ ਕੋਸ਼ਿਸ਼ ਕਰਨ।

ਬੇਸ਼ੱਕ ਉਹ ਹਰ ਵਾਰ ਸਿੱਧ ਨਮੂਨਾ ਤਾਂ ਨਹੀਂ ਦੇ ਸਕਦੇ। ਕਈ ਵਾਰ ਉਹ ਤਿਲਕ ਕੇ ਡਿੱਗ ਜਾਣਗੇ। ਪਰ ਆਪਣੀ ਨਾਕਾਮੀਆਂ ਵਿਚ ਵੀ ਉਹ ਚੰਗਾ ਨਮੂਨਾ ਦੇ ਸਕਦੇ ਹਨ। ਉਹ ਦੱਸ ਸਕਦੇ ਹਨ ਕਿ ਡਿੱਗ ਜਾਣ ਤੇ ਮਸੀਹੀ ਲੋਕਾਂ ਨੂੰ ਕੀ ਕਰਨਾ ਚਾਹੀਦਾ ਹੈ ਅਤੇ ਉਹ ਮਾਫ਼ੀ ਮੰਗ ਕੇ ਕਿਵੇਂ ਨਵੇਂ ਸਿਰਿਓਂ ਮਸੀਹ ਦੀ ਸੇਵਾ ਵਿਚ ਕੋਸ਼ਿਸ਼ਾਂ ਕਰ ਸਕਦੇ ਹਨ।

**ਜੋਸ਼ੀਲਾ ਮਾਹੌਲ ਦੇਣਾ**

ਆਗੂ ਅਜਿਹਾ ਮਾਹੌਲ ਤਿਆਰ ਕਰ ਸਕਦੇ ਹਨ ਜਿਸ ਨਾਲ ਲੋਕ ਕਲੀਸੀਆ ਵਿਚ ਦਿਲੋਂ ਹੋਰ ਸੇਵਾ ਕਰਨ ਦੀ ਚਾਹ ਕਰਨ। ਫੁੱਲ ਪਾਣੀ ਦੇਣ ਨਾਲ ਹੀ ਖਿੜਦੇ ਹਨ। ਸਬਜ਼ੀਆਂ ਧਿਆਨ ਨਾਲ ਨਿਗਰਾਨੀ ਕੀਤੀ ਜਾਣ ਵਾਲੀ ਬਗੀਚੀ ਵਿਚ ਹੀ ਵਧਦੀਆਂ ਹਨ। ਓਸੇ ਤਰ੍ਹਾਂ ਕਲੀਸੀਆ ਵਿਚ ਲੋਕ ਆਪਣੀ ਤਾਕਤ ਮੁਤਾਬਕ ਤਾਂ ਹੀ ਕੰਮ ਕਰ ਸਕਦੇ ਹਨ ਜਦ ਉਹ ਜੋਸ਼ ਭਰੇ ਮਾਹੌਲ ਵਿਚ ਰਹਿੰਦੇ ਹੋਣ, ''ਜਿੱਥੇ ਨਿਰਾਸ਼ਾ ਦੀ ਗੱਲ ਨਾ ਹੋਵੇ।''

ਜੋਸ਼ ਭਰਿਆ ਮਾਹੌਲ ਕਿਵੇਂ ਬਣਦਾ ਹੈ? ਪ੍ਰਚਾਰ ਅਤੇ ਲੋਕ ਸੰਵਾਦ, ਜਿੱਥੋਂ ਤਕ ਹੋ ਸਕੇ ਸਭ ਲੋਕਾਂ ਨਾਲ ਜੁੜਿਆ ਹੀ ਹੋਣਾ ਚਾਹੀਦਾ ਹੈ। ਕਲੀਸੀਆ ਦੇ ਆਗੂ ਮੈਂਬਰਾਂ ਨੂੰ ਉਤਸ਼ਾਹ ਦੇ ਕੇ ਚੰਗਾ ਕਰਦੇ ਹਨ (1 ਥੱਸਲੁਨੀਕੀਆਂ 5:11, 14; ਇਬਰਾਨੀਆਂ 3:13)। ਆਗੂ ਮੈਂਬਰਾਂ ਨੂੰ ਇਹ ਵੀ ਦੱਸਦੇ ਹਨ ਕਿ ਉਨ੍ਹਾਂ ਦੀ ਅਹਿਮੀਅਤ ਹੈ; ਉਹ ਉਨ੍ਹਾਂ ਵੱਲੋਂ ਕੀਤੇ ਜਾਣ ਵਾਲੇ ਭਲਿਆਈ ਦੇ ਕੰਮਾਂ ਲਈ ਉਨ੍ਹਾਂ ਦੀ ਵਡਿਆਈ ਕਰਦੇ ਹਨ; ਉਨ੍ਹਾਂ ਦੀ ਸਲਾਹ ਅਤੇ ਰਾਇ ਮੰਗਦੇ ਰਹਿੰਦੇ ਹਨ; ਉਨ੍ਹਾਂ ਵਿਚ ਮਨੁੱਖ ਹੋਣ ਕਰਕੇ ਦਿਲਚਸਪੀ ਵਿਖਾਉਂਦੇ ਹਨ (ਨਾ ਕਿ ਸਿਰਫ਼ ''ਚੀਜ਼ਾਂ'' ਵਾਂਗ, ਭਾਵ ਮਨੁੱਖੀ ਸੱਚਾਈ ਵਾਂਗ ਜੋ ਇਸ ਲਈ ਕੰਮ ਕਰ ਸਕਦੇ ਹਨ ਕਿ ਆਗੂ ਚੰਗੇ ਲੱਗਣ)। ਉਹ ਅਜਿਹਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕਰਦੇ ਹਨ ਜਿਸ ਵਿਚ ਜਿੱਥੋਂ ਤਕ ਹੋਵੇ ਕਲੀਸੀਆ ਨੂੰ ਚੰਗਾ ਲੱਗੇ। ਉਹ ਬੰਦਗੀਆਂ ਅਤੇ ਬਾਈਬਲ ਕਲਾਸਾਂ ਨੂੰ ਉਨ੍ਹਾਂ

ਦੀ ਮਦਦ ਅਤੇ ਵਿਸ਼ਵਾਸ ਵਿਚ ਵਧਾਉਣ ਲਈ ਉੱਪਰ ਉਠਾਉਣਾ ਚਾਹੁੰਦੇ ਹਨ।

### ਵੇਖਣਾ ਕਿ ਕਲੀਸੀਆ ਨੂੰ ਸਿਖਾਇਆ ਗਿਆ ਹੈ

ਕਲੀਸੀਆ ਦੇ ਆਗੂ ਮਜ਼ਬੂਤੀ ਨਾਲ ਵਿਸ਼ਵਾਸ ਕਰ ਸਕਦੇ ਹਨ ਕਿ ਕਲੀਸੀਆ ਨੂੰ ਸਹੀ ਢੰਗ ਨਾਲ ਸਿਖਾਇਆ ਗਿਆ ਹੈ। ਲੋਕ ਤਦ ਤਕ ਬੇਹਤਰ ਨਹੀਂ *ਕਰਨਗੇ* ਜਦ ਤਕ ਉਨ੍ਹਾਂ ਨੂੰ ਬੇਹਤਰ ਗਿਆਨ ਨਹੀਂ ਹੋਵੇਗਾ। ਸਿਰਫ਼ ਸਿਖਾ ਦੇਣਾ ਇਸ ਗੱਲ ਦੀ ਗਰੰਟੀ ਨਹੀਂ ਹੈ ਕਿ ਲੋਕ ਉਹੀ ਕਰਨਗੇ ਜੋ ਉਨ੍ਹਾਂ ਨੂੰ ਕਰਨਾ ਚਾਹੀਦਾ ਹੈ। ਨਵੇ ਨੇਮ ਦਾ ਬਹੁਤਾ ਹਿੱਸਾ ਇਹ ਸਿਖਾਉਣ ਲਈ ਲਿਖਿਆ ਗਿਆ ਸੀ ਕਿ ਮਸੀਹੀ ਜ਼ਿੰਦਗੀ ਕਿਵੇਂ ਜੀਣੀ ਹੈ। ਇਸ ਲਈ ਮਸੀਹੀ ਜ਼ਿੰਦਗੀ ਜੀਣਾ ਸਿਖਾਉਣ ਵਿਚ ਬੜੇ ਹੁਸ਼ਿਆਰ ਰਹਿਣ ਦੀ ਲੋੜ ਹੈ। ਜੇ ਅਸੀਂ ਓਸੇ ਤਰ੍ਹਾਂ ਦੀ ''ਖਰੀ ਸਿੱਖਿਆ'' ਦਿੰਦੇ ਹਾਂ ਜੋ ਪੌਲੁਸ ਨੇ ਦਿੱਤੀ ਸੀ ਅਤੇ ਦੂਜਿਆਂ ਨੂੰ ਉਹੀ ਸਿੱਖਿਆ ਦੇਣ ਲਈ ਕਹੀਏ, ਤਾਂ ਸਾਨੂੰ ਮਸੀਹੀ ਜ਼ਿੰਦਗੀ ਦੇ ਨਾਲ-ਨਾਲ ਇਹ ਵੀ ਸਿਖਾਉਣਾ ਪਵੇਗਾ ਕਿ ਕਲੀਸੀਆ ਵਿਚ ਕਿਵੇਂ ਆਉਣਾ ਹੈ।

### ਸੇਵਾ ਦੀਆ ਰੁਕਾਵਟਾਂ ਨੂੰ ਸਮਝਣ ਅਤੇ ਉਨ੍ਹਾਂ ਨੂੰ ਦੂਰ ਕਰਨ ਦੀ ਇੱਛਾ ਕਰਨਾ

ਕਲੀਸੀਆ ਦੇ ਆਗੂ ਕਲੀਸੀਆ ਵਿਚ ਸੇਵਾ ਲਈ ਲੋਕਾਂ ਸਾਹਮਣੇ ਆਉਣ ਵਾਲੀ ਅਸਲ ਮੁਸ਼ਕਿਲਾਂ ਨੂੰ ਪਛਾਣ ਕੇ ਉਨ੍ਹਾਂ ਨੂੰ ਸਮਝ ਸਕਦੇ ਹਨ; ਫਿਰ ਉਹ ਉਨ੍ਹਾਂ ਮੁਸ਼ਕਿਲਾਂ ਦਾ ਹੱਲ ਕਰਨ ਲਈ ਕੋਸ਼ਿਸ਼ ਕਰ ਸਕਦੇ ਹਨ। ਆਗੂਆਂ ਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਕਈ ਵਾਰ ਮੈਂਬਰਾਂ ਕੋਲ ਜ਼ਿਆਦਾ ਨਾ ਕਰਨ ਦੇ ਦੋ ਯੋਗ ਕਾਰਣ ਹੁੰਦੇ ਹਨ। ਹੋ ਸਕਦਾ ਹੈ ਕਿ ਕੋਈ ਇਸ ਲਈ ਨਹੀਂ ਆ ਸਕਦਾ ਕਿ ਉਹ ਬੀਮਾਰ ਹੈ। ਕਿਸੇ ਨੂੰ ਰਾਤ ਨੂੰ ਆਉਣ ਵਿਚ ਦਿੱਕਤ ਹੋ ਸਕਦੀ ਹੈ। ਸਿਆਣਾ ਆਗੂ ਮੈਂਬਰਾਂ ਵੱਲੋਂ ਨਾ ਆ ਸਕਣ ਲਈ ਦਿੱਤੇ ਗਏ ਕਾਰਣਾਂ ਨੂੰ ਮਿਲਾ ਕੇ ਉਨ੍ਹਾਂ ਨੂੰ ਕਾਰਣ ਦੀ ਬਜਾਇ ''ਬਹਾਨੇ'' ਨਹੀਂ ਆਖਦਾ।

ਜੇ ਆਗੂ ਮੈਂਬਰਾਂ ਦੀ ਅਸਲ ਮੁਸ਼ਕਿਲਾਂ ਉੱਤੇ ਵਿਚਾਰ ਕਰਦੇ ਹਨ, ਉਸ ਮੁਤਾਬਕ ਯੋਜਨਾਵਾਂ ਬਣਾਉਂਦੇ ਹਨ ਅਤੇ ਉਨ੍ਹਾਂ ਯੋਜਨਾਵਾਂ ਨੂੰ ਮੈਂਬਰਾਂ ਸਾਹਮਣੇ ਰੱਖਦੇ ਹਨ, ਤਾਂ ਹੋ ਸਕਦਾ ਹੈ ਕਿ ਮੈਂਬਰ ਉਨ੍ਹਾਂ ਯੋਗਤਾਵਾਂ ਨੂੰ ਸਕਾਰਾਤਮਕ ਜਵਾਬ ਦੇਣ ਲਈ ਪ੍ਰੇਰਿਤ ਹੋਣ।

### ਮੈਂਬਰ ਵੱਲੋਂ ਮਹਿਸੂਸ ਕੀਤੀਆਂ ਜਾਣ ਵਾਲੀਆਂ ਲੋੜਾਂ ਦੇ ਅਧਾਰ ਤੇ ਬੇਨਤੀਆਂ ਕਰਨਾ

ਅਖੀਰ ਵਿਚ, ਮੈਂਬਰਾਂ ਨੂੰ ਕਲੀਸੀਆ ਦੇ ਕੰਮ ਵਿਚ ਅਤੇ ਬੰਦਗੀ ਵਿਚ ਵਫਾਦਾਰ ਬਣੇ ਰਹਿਣ ਲਈ ਸਮਝਣ ਦੀ ਚਾਹ ਕਰਨ ਵਾਲੇ ਆਗੂਆਂ ਨੂੰ ਆਪਣੀਆਂ ਬੇਨਤੀਆਂ ਲੋਕਾਂ ਦੀਆਂ ਲੋੜਾਂ ਦੇ ਅਧਾਰ ਤੇ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਨੂੰ ਉਹ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।[4]

ਬਹੁਤ ਵਾਰ ਕਲੀਸੀਆ ਦੇ ਆਗੂ ਲੋਕਾਂ ਨੂੰ ਮਸੀਹੀ ਬਣਨ ਦੀ ਕੋਸ਼ਿਸ਼ ਜਾਂ ਉਨ੍ਹਾਂ ਨੂੰ ਸਚਮੁਚ ਮਸੀਹੀ ਬਣ ਕੇ ਰਹਿਣ ਦੀ ਕੋਸ਼ਿਸ਼ ਲਈ ਇੱਕੋ ਜਿਹਾ ਢੰਗ ਵਰਤਦੇ ਹਨ ਕਿ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਨੂੰ ਸੁਰਗ ਵਿਚ ਜਾਣ ਵਿਚ ਮਦਦ ਮਿਲੇਗੀ; ਨਾ ਕਰ ਪਾਉਣ ਤੇ

ਨਰਕ ਵਿਚ ਚਲੇ ਜਾਣਗੇ। ਬੇਸ਼ੱਕ ਇਸ ਪ੍ਰੇਰਣਾ ਵੱਲ ਧਿਆਨ ਦੁਆਉਣ ਵਿਚ ਕੋਈ ਬੁਰਿਆਈ ਨਹੀਂ ਹੈ; ਪਰ ਇਹ ਸਮਝਣਾ ਜ਼ਰੂਰੀ ਹੈ ਕਿ ਇਸ ਵਿਚ ਪਹਿਲਾਂ ਤੋਂ ਇਕ ਗੱਲ ਨੂੰ ਮੰਨ ਲਿਆ ਜਾਂਦਾ ਹੈ ਕਿ ਸੁਣਨ ਵਾਲਾ ਨਰਕ ਤੋਂ ਬਚ ਕੇ ਸੁਰਗ ਵਿਚ ਜਾਣ ਦਾ ਚਾਹਵਾਨ ਹੈ। ਹੋ ਸਕਦਾ ਹੈ ਕਿ ਇਹ ਸੱਚ ਨਾ ਹੋਵੇ। ਇਸ ਲਈ ਆਓ ਹੋਰ ਮਕਸੱਦਾਂ ਵੱਲ ਧਿਆਨ ਦੁਆਉਣ ਦੀ ਸੰਭਾਵਨਾ ਦੀ ਪੜਤਾਲ ਕਰਦੇ ਹਾਂ।

ਹੋਰ ਟੀਚਿਆਂ ਵਿਚ ਦਿਲਚਸਪੀਆਂ ਸ਼ਾਮਿਲ ਹਨ ਜੋ ਦੂਜਿਆਂ ਵਿਚ ਪਹਿਲਾਂ ਤੋਂ ਹੁੰਦੀਆਂ ਹਨ। ਜਦ ਕਿ ਹੋਣਾ ਇਹ ਚਾਹੀਦਾ ਹੈ ਕਿ ਉਹ ਸੁਰਗ ਵਿਚ ਜਾਣ ਦੀ ਦਿਲਚਸਪੀ ਸਭ ਤੋਂ ਵੱਧ ਰਖਦੇ ਹੋਣ ਅਤੇ ਨਰਕ ਤੋਂ ਬਚਣਾ ਚਾਹੁੰਦੇ ਹੋਣ, ਭਾਵ ਉਸ ਸਮੇਂ ਉਨ੍ਹਾਂ ਦਾ ਧਿਆਨ ਇਸ ਗੱਲ ਤੇ ਨਾ ਹੋਵੇ। ਜੇ ਇਹ ਗੱਲ ਹੈ, ਤਾਂ ਕਲੀਸੀਆ ਦੇ ਆਗੂਆਂ ਨੂੰ ਉਨ੍ਹਾਂ ਦੀਆਂ ਤਰਜੀਹਾਂ ਨੂੰ ਬਦਲਣ ਵਿਚ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ, ਪਰ ਅਜਿਹਾ ਜਲਦਬਾਜ਼ੀ ਵਿਚ ਨਹੀਂ ਹੋਣਾ ਚਾਹੀਦਾ ਹੈ। ਕੁਝ ਗੱਲਾਂ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਜੋ ਮੈਨੂੰ ਲੱਗਦਾ ਹੈ ਕਿ ਅੱਜ ਲੋਕਾਂ ਵੱਲੋਂ ਮਹਿਸੂਸ ਕੀਤੀਆਂ ਜਾਣ ਵਾਲੀਆਂ ਲੋੜਾਂ ਵਿਚ ਸਭ ਤੋਂ ਉੱਪਰ ਹੈ:

*ਖ਼ੁੱਦਾਰੀ:* ਲੋਕ ਆਪਣੇ ਆਪ ਨੂੰ ਖਾਸ ਸਮਝਣਾ ਚਾਹੁੰਦੇ ਹਨ।
*ਮਨਜ਼ੂਰੀ:* ਉਹ ਦੂਜਿਆਂ ਨੂੰ ਖਾਸ ਮੰਨ ਕੇ ਉਸ ਸੋਚ ਨੂੰ ਪੱਕਾ ਕਰਵਾਉਣਾ ਚਾਹੁੰਦੇ ਹਨ।
*ਦੋਸਤੀ:* ਉਹ ਲੋਕਾਂ ਨੂੰ ਦੋਸਤ ਬਣਾਉਣਾ ਚਾਹੁੰਦੇ ਹਨ।
*ਮਦਦ:* ਉਹ ਮੁਸ਼ਕਿਲ ਸਮੇਂ ਵਿਚ ਮਦਦ ਚਾਹੁੰਦੇ ਹਨ।
*ਕਾਮਯਾਬੀ:* ਉਹ ਕਾਮਯਾਬ ਹੋਣਾ ਚਾਹੁੰਦੇ ਹਨ।

ਇਹ ਸਮਝ ਆ ਜਾਣ ਦੇ ਬਾਅਦ ਕਿ ਲੋਕ ਕੀ ਚਾਹੁੰਦੇ ਹਨ ਆਗੂਆਂ ਨੂੰ ਇਹ ਦੇਖਣ ਵਿਚ ਉਨ੍ਹਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰਨੀ ਚਾਹੁੰਦੀ ਹੈ ਕਿ ਹਰ ਯੋਗ ਕਲੀਸੀਆ ਵਿਚ ਅਤੇ ਕਲੀਸੀਆ ਦੇ ਰਾਹੀਂ ਪੂਰੀ ਹੋ ਸਕੇ। ਉਹ ਉਨ੍ਹਾਂ ਨੂੰ ਵਿਖਾ ਸਕਦੇ ਹਨ ਕਿ ਬਚਾਏ ਜਾਣ ਨਾਲ, ਕਲੀਸੀਆ ਵਿਚ ਵਿਸ਼ਵਾਸ ਵਿਚ ਬਣੇ ਰਹਿ ਕੇ ਅਤੇ ਸੁਰਗ ਵਿਚ ਜਾ ਕੇ ਉਨ੍ਹਾਂ ਦੀ ਬਹੁਤ ਸਾਰੀਆਂ ਜਾਂ ਜ਼ਿਆਦਾਤਰ ਫੌਰੀ ਲੋੜਾਂ ਅਤੇ ਖ਼ਾਹਿਸ਼ਾਂ ਪੂਰੀਆਂ ਹੋਣਗੀਆਂ।

ਉਦਾਹਰਣ ਲਈ ਜੇ ਉਹ ''ਕੁਝ ਬਣਨ'' ਦੀ ਚਾਹ ਰੱਖਦੇ ਹਨ ਜੋ ਇੱਜ਼ਤ ਜਾਂ ਰੁਤਬਾ ਪਾਉਣ ਦੀ ਚਾਹ ਹੈ, ਤਾਂ ਇਸ ਨਾਲੋਂ ਉੱਚਾ ਅਹੁਦਾ ਹੋਰ ਕੀ ਹੋ ਸਕਦਾ ਹੈ ਕਿ ਉਹ ਖ਼ੁਦਾ ਦੀ ਅੰਸ ਬਣ ਸਕਦੇ ਹਾਂ? (1 ਯੂਹੰਨਾ 3:1, 2)। ਜੇ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚਿਆਂ ਨੂੰ ਸਭ ਚੰਗੀਆਂ ਚੀਜ਼ਾਂ ਮਿਲਣ, ਤਾਂ ਕੀ ਸਾਨੂੰ ਉਨ੍ਹਾਂ ਦਾ ਧਿਆਨ ਇਸ ਵੱਲ ਨਹੀਂ ਲਾਉਣਾ ਚਾਹੀਦਾ ਕਿ ਆਪਣੇ ਬੱਚਿਆਂ ਨੂੰ ਸਭ ਤੋਂ ਉੱਤਮ ਵਸਤੂ ਉਹ ਮਸੀਹੀ ਮਾਪੇ ਅਤੇ ਕਲੀਸੀਆ ਦੇ ਮਾਹੌਲ ਵਿਚ ਵਧਾਉਣ ਦਾ ਮੌਕਾ ਦੇ ਕੇ ਦੇ ਸਕਦੇ ਹਨ? ਜੇ ਉਨ੍ਹਾਂ ਨੂੰ ਦੋਸਤ ਚਾਹੀਦੇ ਹਨ ਜਾਂ ਉਨ੍ਹਾਂ ਨੂੰ ਲਗਦਾ ਹੈ ਕਿ ਉਹ ਇਕੱਲੇ ਅਤੇ ਬਾਹਰਲੇ ਹਨ, ਤਾਂ ਕਲੀਸੀਆ ਨਾਲੋਂ ਵੱਧ ਸੱਚੇ ਦੋਸਤ ਅਤੇ ਵਧੀਆ ਸੰਗਤੀ ਉਨ੍ਹਾਂ ਨੂੰ ਕਿੱਥੇ ਮਿਲ ਸਕਦੀ ਹੈ। ਜੇ ਉਹ ਸੱਚਮੁੱਚ ਮਨੁੱਖਤਾ ਦੀ ਸੇਵਾ ਕਰਨਾ ਚਾਹੁੰਦੇ ਹਨ, ਤਾਂ ਕੀ ਸਾਨੂੰ ਉਨ੍ਹਾਂ ਨੂੰ ਸੇਵਾ ਲਈ ਕਲੀਸੀਆ ਵੱਲੋਂ ਦਿੱਤੇ ਮੌਕਿਆਂ

ਬਾਰੇ ਨਹੀਂ ਦੱਸਣਾ ਚਾਹੀਦਾ? ਜੇ ਉਹ ਕਿਸੇ ਵੱਡੇ ਟੀਚੇ ਦਾ ਭਾਗ ਬਣਨਾ ਚਾਹੁੰਦੇ ਹਨ, ਤਾਂ ਮਸੀਹ ਦੇ ਟੀਚੇ ਨਾਲੋਂ ਵੱਡਾ ਮਕਸਦ ਕੀ ਹੋ ਸਕਦਾ ਹੈ?

ਪਰ ਕਈ ਵਾਰ ਕਲੀਸੀਆ ਵਿਚ ਲੋਕਾਂ ਵਿਚ ਹਰ ਕਿਸੇ ਦੀਆਂ ਲੋੜਾਂ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ। ਜਦ ਖ਼ਾਹਿਸ਼ਾਂ, ਸੰਘਰਸ਼ਾਂ ਜਾਂ ਅਜਿਹੀਆਂ ਇੱਛਾਵਾਂ ਦਾ ਸਾਹਮਣਾ ਕਰਨਾ ਪਵੇ ਜੋ ਅਧਰਮੀ ਹੋਣ ਤਾਂ ਕਲੀਸੀਆ ਦੇ ਆਗੂ ਕੀ ਕਰ ਸਕਦੇ ਹਨ?

ਉਦਾਹਰਣ ਲਈ ਹੋ ਸਕਦਾ ਹੈ ਕਿ ਕੁਝ ਲੋਕਾਂ ਦਾ ਮਕਸਦ ਹੀ ਵੱਧ ਤੋਂ ਵੱਧ ਪੈਸਾ ਕਮਾਉਣਾ ਹੋਵੇ। ਜੋ ਅਜਿਹਾ ਮਕਸਦ ਹੈ ਜਿਸ ਦੀ ਮਸੀਹੀ ਕੀਮਤਾਂ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਕਲੀਸੀਆ ਦੇ ਆਗੂ ਉਨ੍ਹਾਂ ਲੋਕਾਂ ਅੱਗੇ ਜੋ ਪੈਸਾ ਕਮਾਉਣਾ ਚਾਹੁੰਦੇ ਹਨ ਕੀ ਅਪੀਲ ਕਰ ਸਕਦੇ ਹਨ? ਸਭ ਤੋਂ ਪਹਿਲਾਂ ਤਾਂ ਉਹ ਸਿੱਖਿਆ ਨਾਲ ਉਹ ਲੋਕਾਂ ਨੂੰ ਆਪਣੇ ਮਕਸਦ ਬਦਲਣ ਦੀ ਲੋੜ ਦੱਸਣ ਦੀ ਕੋਸ਼ਿਸ਼ ਕਰ ਕੇ ਮਦਦ ਕਰ ਸਕਦੇ ਹਨ। ਇਸ ਦੇ ਇਲਾਵਾ ਉਹ ਲੋਕਾਂ ਨੂੰ ਇਹ ਸਮਝਾਉਣ ਵਿਚ ਮਦਦ ਕਰ ਸਕਦੇ ਹਨ ਕਿ ਉਨ੍ਹਾਂ ਨੂੰ ਦੌਲਤ ਨਹੀਂ ਬਲਕਿ ਅਜਿਹੀ ਸੁਰੱਖਿਆ ਜਾ ਸ਼ਾਂਤੀ ਦੀ ਲੋੜ ਹੈ ਜੋ ਉਨ੍ਹਾਂ ਨੂੰ ਲਗਦਾ ਹੈ ਕਿ ਉਹ ਪੈਸੇ ਨਾਲ ਪਾ ਸਕਦੇ ਹਨ। ਫਿਰ ਉਹ ਇਹ ਧਿਆਨ ਦੁਆ ਸਕਦੇ ਹਨ ਕਿ ਉਹ ਜਾਇਦਾਦ ਅਜਿਹੀ ਸ਼ਾਂਤੀ ਦੇਣ ਦੀ ਦਾਅਵਾ ਕਰਦੀ ਹੈ ਜੋ ਉਹਦੇ ਕੋਲ ਹੈ ਨਹੀਂ। ਤਿੰਨ, ਉਹ ਲੋਕਾਂ ਨੂੰ ਇਸ ਸਮਝਣ ਵਿਚ ਮਦਦ ਕਰ ਸਕਦੇ ਹਨ ਕਿ ਉਹ ਧਰਮ ਦੇ ਰਾਹ ਤੇ ਚੱਲ ਕੇ ਉਨ੍ਹਾਂ ਚੀਜ਼ਾਂ ਨੂੰ ਪਾ ਸਕਦੇ ਹਨ ਜਿਨ੍ਹਾਂ ਦੇ ਮਗਰ ਪਏ ਹੋਏ ਹਨ। ਉਦਾਹਰਣ ਲਈ ਪੈਸੇ ਨਾਲ ਪਛਾਣ ਬਣਦੀ ਹੈ, ਪਰ ਮਸੀਹ ਲਈ ਜ਼ਿੰਦਗੀ ਕੱਟਣ ਨਾਲ ਵੀ ਪਛਾਣ ਬਣੇਗੀ, ਭਾਵ ਦੂਜੇ ਲੋਕ ਵੀ ਸਾਨੂੰ ਜਾਣਨਗੇ ਅਤੇ ਪ੍ਰਭੂ ਵੀ, ਇਸ ਜੀਵਨ ਵਿਚ ਨਹੀਂ ਬਲਕਿ ਸਦੀਪਕਾਲ ਵਿਚ ਵੀ, ਅਤੇ ਇਸ ਦਾ ਅਰਥ ਉਸ ਪਛਾਣ ਨਾਲ ਕਿਤੇ ਵੱਧ ਹੈ ਜੋ ਪੈਸੇ ਨਾਲ ਖਰੀਦੀ ਜਾ ਸਕਦੀ ਹੈ।

## ਸਾਰ

ਸਾਇਦ ਕਲੀਸੀਆ ਲਈ ਦੂਜਿਆਂ ਨੂੰ ਕਰਨ ਦਾ ਸਭ ਤੋਂ ਮਹੱਤਵਪੂਰਨ ਕਦਮ ਉਨ੍ਹਾਂ ਨੂੰ ਦੂਜਿਆਂ ਦੀ ਥਾਂ ਰੱਖ ਕੇ ਪੁੱਛਣਾ ਹੈ, ''ਸਾਨੂੰ ਆਪਣਾ ਵਿਹਾਰ ਬਦਲਣ ਲਈ ਕੀ ਕਰਨਾ ਹੋਵੇਗਾ?'' ਫਿਰ ਉਸ ਸਵਾਲ ਦੇ ਜਵਾਬ(ਾਂ) ਮੁਤਾਬਕ ਆਪਣੇ ਤਰੀਕੇ ਅਤੇ ਅਪੀਲ ਬਣਾਓ।

ਕੀ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਨੀ ਯੋਗ ਹੈ? ਪੌਲੁਸ ਨੇ ਆਖਿਆ ''ਉਪਰੰਤ ਅਸੀਂ ਪ੍ਰਭੂ ਦਾ ਭੌ ਜਾਣ ਕੇ ਮਨੁੱਖਾਂ ਨੂੰ ਮਨਾਉਂਦੇ ਹਾਂ'' (2 ਕੁਰਿੰਥੀਆਂ 5:11)। ਉਸ ਦੀਆਂ ਸਮਝਾਉਣ ਵਾਲੀਆਂ ਸ਼ਕਤੀਆਂ ਫ਼ਿਲੇਮੋਨ ਨਾਮਕ ਛੋਟੇ ਜਿਹੇ ਖ਼ਤ ਵਿਚ ਪਤਾ ਲਗਦੀਆਂ ਹਨ। ਪੌਲੁਸ ਫ਼ਿਲੇਮੋਨ ਦੇ ਭਗੌੜੇ ਹੋਏ ਸੇਵਕ ਉਨੇਸਿਮੁਸ ਨੂੰ ਕਬੂਲ ਕਰਨ ਲਈ ਸਮਝਾਉਣ ਵਾਲਾ ਸੀ। ਉਨੇਸਿਮੁਸ ਨੂੰ ਪੌਲੁਸ ਨੇ ਉਸ ਦੇ ਭੱਜ ਜਾਣ ਦੇ ਬਾਅਦ ਬਦਲਿਆ ਸੀ, ਅਤੇ ਉਦੋਂ ਪੌਲੁਸ ਫ਼ਿਲੇਮੋਨ ਤੋਂ ਉਸ ਨੂੰ ਸਿਰਫ਼ ਸੇਵਕ ਨਹੀਂ ਬਲਕਿ ''ਪਿਆਰਾ ਭਾਈ'' (ਆਇਤ 16) ਦੇ ਰੂਪ ਵਿਚ ਕਬੂਲ ਕਰਨ ਦੀ ਬੇਨਤੀ ਕਰ ਰਿਹਾ ਸੀ। ਸਾਫ਼ ਤੌਰ ਤੇ, ਪੌਲੁਸ ਫ਼ਿਲੇਮੋਨ ਤੋਂ ਕੁਝ ਜ਼ਿਆਦਾ ਹੀ ਚਾਹੁੰਦਾ ਸੀ। ਉਹਨੇ ਸੰਕੇਤ ਦਿੱਤਾ ਕਿ ਉਹ ਦੀ ਮਰਜ਼ੀ ਹੈ ਕਿ ਫਿਲੇਮੋਨ ਉਨੇਸਿਮੁਸ ਨੂੰ ਵਾਪਸ ਭੇਜੇ ਤਾਂ ਜੋ ਉਹ ਪੌਲੁਸ ਦੀ ਮਦਦ ਕਰ ਸਕੇ, ਅਤੇ ਹੋ ਸਕਦਾ ਹੈ ਕਿ ਉਸ ਨੇ ਇਹ ਵੀ ਸਲਾਹ ਦਿੱਤੀ ਹੋਵੇ ਕਿ ਫਿਲੇਮੋਨ ਨੂੰ ਚਾਹੀਦਾ ਹੈ ਕਿ ਉਨੇਸਿਮੁਸ ਨੂੰ ਅਜ਼ਾਦ ਕਰ ਦਏ (ਆਇਤ 21)।

ਪੌਲੁਸ ਨੇ ਆਪਣੇ ਸੁਝਾਅ ਮੁਤਾਬਕ ਕਰਨ ਲਈ ਫ਼ਿਲੇਮੋਨ ਨੂੰ ਕਿਵੇਂ ਮਨਾਇਆ?

ਉਸ ਨੇ ਫ਼ਿਲੇਮੋਨ ਦੀ ਤਾਰੀਫ਼ ਕੀਤੀ (ਆਇਤਾਂ 4-7)। ਉਸ ਨੇ (ਆਇਤਾਂ 8, 9), ਬਜ਼ੁਰਗ (ਆਇਤ 9), ਮਸੀਹ ਦਾ ਕੈਦੀ, ਫ਼ਿਲੇਮੋਨ ਦਾ ਸਾਥੀ (ਆਇਤ 17) ਹੋਣ ਦੇ ਕਰਕੇ ਉਸ ਨੂੰ ਬੇਨਤੀ ਕੀਤੀ। ਉਸ ਨੇ ਫ਼ਿਲੇਮੋਨ ਨੂੰ ਉਨੇਸਿਮੁਸ ਆਪਣੇ ਮਸੀਹੀ ਸਬੰਧ ਅਤੇ ਉਸ ਲਈ ਆਪਣੇ ਪਿਆਰ ਬਾਰੇ ਦੱਸਦਾ ਹੈ (ਆਇਤਾਂ 10, 12, 13, 16, 17)। ਪੌਲੁਸ ਨੇ ਫ਼ਿਲੇਮੋਨ ਦੇ ਲਾਭ ਦੀ ਗੱਲ ਵੀ ਕੀਤੀ: ਉਨੇਮਿਸੁਸ ਉਸ ਦੇ ''ਬੜੇ ਕੰਮ ਦਾ'' (ਆਇਤ 11) ਸੀ। ਪੌਲੁਸ ਨੇ ਉਨੇਸਿਮੁਸ ਨਾਲ ਫ਼ਿਲੇਮੋਨ ਦੇ ਸਬੰਧ ਦੀ ਗੱਲ ਵੀ ਕੀਤੀ, ਪਹਿਲਾ ਉਹ ਉਸ ਦੇ ਕਿਸੇ ਕੰਮ ਦਾ ਨਹੀਂ ਸੀ, ਪਰ ਹੁਣ ਉਹ ਉਸ ਦੇ ਬੜੇ ਕੰਮ ਦਾ ਸੀ (ਆਇਤ 11); ਜੋ ਫ਼ਿਲੇਮੋਨ ਦੀ ਥਾਂ ਪੌਲੁਸ ਦੀ ਮਦਦ ਕਰ ਸਕਦਾ ਸੀ (ਆਇਤ 13); ਅਜਿਹਾ ਸਬੰਧ ਜੋ ਕੁ ਦੇਰ ਲਈ ਟੁੱਟ ਗਿਆ ਸੀ, ਪਰ ਹੁਣ ਥੋੜੇ ਸਮੇਂ ਵਿਚ ਬਣ ਗਿਆ ਹੈ (ਆਇਤ 15); ਜੋ ਪਹਿਲਾਂ ਗੁਲਾਮ ਸੀ, ਹੁਣ ਉਹ ਪਿਆਰਾ ਭਰਾ ਅਤੇ ਫੇਰ ਤੋਂ ਫ਼ਿਲੇਮੋਨ ਦੇ ਪਰਿਵਾਰ ਦਾ ਮੈਂਬਰ ਬਣ ਗਿਆ ਸੀ (ਆਇਤ 16)। ਉਸ ਨੇ ਮਸੀਹ ਦੇ ਕੰਮ ਲਈ ਫ਼ਿਲੇਮੋਨ ਦੀ ਚਿੰਤਾ ਅਤੇ ਜ਼ਿੰਮੇਵਾਰੀ ਦੀ ਉਸ ਦੀ ਭਾਵਨਾ ਵੱਲ ਧਿਆਨ ਦੁਆਇਆ (ਆਇਤਾਂ 13, 14)। ਉਸ ਨੇ ਇਹ ਕਹਿਣ ਦੇ ਬਾਜਵੂਦ ਕਿ ਉਹ ਫ਼ਿਲੇਮੋਨ ਨਾਲ ਜ਼ਬਰਦਸਤੀ ਨਹੀਂ ਸਗੋਂ ਰਜ਼ਾਮੰਦੀ ਨਾਲ ਇਹ ਕੰਮ ਕਰਵਾਉਣਾ ਚਾਹੁੰਦਾ ਹੈ (ਆਇਤ 14) ਫ਼ਿਲੇਮੋਨ ਨੂੰ ''ਚਾਹੀਦਾ'' ਭਾਵ ''ਜੋ ਗੱਲ ਠੀਕ ਹੈ'' ਕਰਨ ਦੀ ਭਾਵਨਾ ਵੱਲ ਧਿਆਨ ਦੁਆਉਣ ਲਈ ਹੋਵੇਗਾ (ਆਇਤਾਂ 8, 21)। ਇਸ ਦੇ ਬਾਅਦ ਪੌਲੁਸ ਨੇ ਫ਼ਿਲੇਮੋਨ ਦੀ ਸ਼ੁਕਰਗੁਜ਼ਾਰੀ ਦੀ ਭਾਵਨਾ ਦੀ ਵੱਲ ਧਿਆਨ ਦਿੱਤਾ ਜਿਸ ਵਿਚ ਪੌਲੁਸ ਨੇ ਉਸ ਦੇ ਲਈ ਕੁਝ ਕੀਤਾ ਸੀ (ਆਇਤਾਂ 17-19)। ਫਿਰ ਉਸ ਨੇ ਉਸ ਰਿਸ਼ਤੇ ਦੀ ਗੱਲ ਕੀਤੀ ਜੋ ਫ਼ਿਲੇਮੋਨ ਦਾ ਪੌਲੁਸ ਦੇ ਨਾਲ ਸੀ (ਆਇਤ 20)। ਅਖੀਰ ਵਿਚ ਉਸ ਨੇ ਇਹ ਭਰੋਸਾ ਦਿੱਤਾ ਕਿ ਫ਼ਿਲੇਮੋਨ ਉਹੀ ਕਰੇਗਾ ਜੋ ਉਸ ਨੂੰ ਕਰਨਾ ਚਾਹੀਦਾ ਹੈ (ਆਇਤ 21)।

ਕੋਈ ਵੀ ਜੋ ਅੱਜ ਮਸੀਹੀ ਲੋਕਾਂ ਨੂੰ ਸਮਝਾਉਂਦਾ ਜਾਂ ਪ੍ਰੇਰਣਾ ਦਿੰਦਾ ਹੈ, ਉਸ ਨੂੰ ਫ਼ਿਲੇਮੋਨ ਦੀ ਕਿਤਾਬ ਵਿਚ ਪੌਲੁਸ ਦਾ ਨਮੂਨਾ ਲੈਣਾ ਚਾਹੀਦਾ ਹੈ।

---

ਟਿੱਪਣੀਆਂ

[1]ਜੇਮਸ ਈ. ਮੀਨਜ਼, *ਲੀਡਰਸ਼ਿਪ ਇਨ ਕ੍ਰਿਸਚਿਅਨ ਮਿਨਿਸਟਰੀ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁੱਕ ਹਾਊਸ, 1989), 169-75. [2]ਉਹੀ, 175-80. [3]ਉਹੀ, 179. [4]ਵੇਖੋ ਜੌਰਜ ਸੀ. ਹੰਟਰ ਤੀਜਾ, *ਦਿ ਕੰਟੇਜਿਅਸ ਕੰਗਰੀਗੇਸ਼ਨ* (ਨੈਸ਼ਵਿਲੇ: ਅਬਿੰਗਡਨ, 1979), 39ਤੋਂ। ਉਹ ਆਖਦਾ ਹੈ ''ਮਨੁੱਖੀ ਟੀਚਿਆਂ ਤੋਂ ਸ਼ੁਰੂ ਕਰੋ,'' ਅਤੇ ਅੱਗੇ ਦੱਸਦਾ ਹੈ ਕਿ ਕਿਵੇਂ ਅਬਰਾਹਾਮ ਮਸਲੋ ਦੀ ਕਿਤਾਬ ''ਹਾਈਆਰਚੀ ਆਫ਼ ਹਿਊਮਨ ਮੋਟਿਵਜ਼'' ਦੀ ਵਰਤੋਂ ਲੋਕਾਂ ਨੂੰ ਸਮਝਾਉਣ ਲਈ ਕੀਤੀ ਜਾ ਸਕਦੀ ਹੈ।